# ਅਲੰਕਾਰ ਸੰਪਰਦਾਇ

ਪੰਜਾਬੀ ਵਿਭਾਗ

ਸਰਕਾਰੀ ਕਾਲਜ ਟਾਂਡਾ

# ਅਲੰਕਾਰ ਕੀ ਹੁੰਦਾ ਹੈ ,ਕਵਿਤਾ ਵਿੱਚ ਇਸ ਦਾ ਕੀ ਸਥਾਨ ਹੈ ।

ਅਲੰਕਾਰ ਸੰਸਕ੍ਰਿਤ ਦਾ ਸ਼ਬਦ ਹੈ । ਇਹ ਦੋ ਸ਼ਬਦਾਂ ਦੇ ਸੁਮੇਲ ਅਲੰ+ਕਾਰ ਤੋਂ ਮਿਲ ਕੇ ਬਣਿਆ ਹੈ । ਅਲੰ ਦਾ ਅਰਥ ਭੂਸ਼ਣ ( ਗਹਿਣਾ ) ਅਤੇ ਕਾਰ ਦਾ ਅਰਥ ਕਰਨ ਵਾਲਾ । ਕਿਹਾ ਜਾਂਦਾ ਹੈ ਕਿ ਜੋ ਅਲੰਕ੍ਰਿਤ ਕਰੇ ਉਸ ਨੂੰ ਅਲੰਕਾਰ ਕਿਹਾ ਜਾਂਦਾ ਹੈ ।

# ਅਲੰਕਾਰ ਦਾ ਕਵਿਤਾ ਵਿੱਚ ਸਥਾਨ

ਇਸ ਸੰਬੰਧੀ ਵੱਖ -ਵੱਖ ਵਿਦਵਾਨਾਂ ਦੇ ਵੱਖ -ਵੱਖ ਵਿਚਾਰ ਹਨ । ਜਿਆਦਾਤਰ ਵਿਦਵਾਨਾਂ ਨੇ ਅਲੰਕਾਰ ਦੇ ਦੋ ਵਰਗ ਮੰਨੇ ਹਨ । ਜਿਸ ਕਰਕੇ ਉਨ੍ਹਾਂ ਨੂੰ ਅਲੰਕਾਰਵਾਦੀ ਅਤੇ ਅਣਅਲੰਕਾਰਵਾਦੀ ਕਿਹਾ ਗਿਆ ਹੈ ।

# ਅਲੰਕਾਰਵਾਦੀ ਕੌਣ ਹਨ

ਉਹ ਵਰਗ ਜੋ ਅਲੰਕਾਰ ਨੂੰ ਕਵਿਤਾ ਦਾ ਜਰੂਰੀ ਤੱਤ ਮੰਨਦੇ ਹਨ। ਜਿਨ੍ਹਾਂ ਵਿੱਚ ਵਿਦਵਾਨ ਭਾਮਹ , ਦੰਡੀ , ਅਗਨਿਪੁਰਾਣਕਾਰ ,ਜੈਦੇਵ ,ਕੇਸ਼ਵ ,ਸ੍ਰੀਪਤੀ ਆਦਿ ਸ਼ਾਮਿਲ ਹਨ। ਇਨ੍ਹਾਂ ਅਨੁਸਾਰ ਅਲੰਕਾਰ ਤੋਂ ਬਿਨਾਂ ਕਵਿਤਾ ਜਿਉਂਦੀ ਨਹੀਂ ਰਹਿ ਸਕਦੀ ਜਿਵੇਂ ਮਨੁੱਖੀ ਸਰੀਰ ਆਤਮਾ ਨਿਕਲ ਜਾਣ ਤੋਂ ਬਾਅਦ ਹੋਂਦ ਵਿੱਚ ਨਹੀਂ ਰਹਿ ਸਕਦਾ ।

# ਅਣਅਲੰਕਾਰਵਾਦੀ ਕੌਣ ਹਨ

ਉਹ ਅਚਾਰੀਆ ਜਾਂ ਵਿਦਵਾਨ ਹਨ ਜੋ ਅਲੰਕਾਰ ਨੂੰ ਕਵਿਤਾ ਵਿੱਚ ਜਰੂਰੀ ਨਹੀਂ ਮੰਨਦੇ। ਇਹ ਸੁੰਦਰਹੀਣ ਯੁਵਤੀ ਦੇ ਸਰੀਰ ਉੱਪਰ ਪਹਿਨੇ ਹੋਏ ਗਹਿਣਿਆਂ ਵਾਂਗ ਹੁੰਦੇ ਹਨ ਜੋ ਕਾਵਿ ਨੂੰ ਸੁੰਦਰ ਨਹੀਂ ਬਣਾ ਸਕਦੇ। ਉਹ ਰਸ ਨੂੰ ਕਵਿਤਾ ਦਾ ਜਰੂਰੀ ਤੱਤ ਮੰਨਦੇ ਹਨ। ਇਨ੍ਹਾਂ ਵਿੱਚ ਅਚਾਰੀਆ ਵਾਮਨ ,ਆਨੰਦ ਵਰਧਨ ਭੋਜਰਾਜ ,ਕਸ਼ਮੇਂਦਰ, ਮੰਮਟ, ਵਿਸ਼ਵਨਾਥ , ਕੁਲਪਤੀ ਅਤੇ ਦੇਵ ਆਦਿ ਹਨ।

# ਅਲੰਕਾਰ ਕਿੰਨੀ ਪ੍ਰਕਾਰ ਦੇ ਹਨ

ਅਲੰਕਾਰ ਤਿੰਨ ਪ੍ਰਕਾਰ ਦੇ ਹਨ

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ

# ਸ਼ਬਦ ਅਲੰਕਾਰ ਕੀ ਹੈ ਇਸ ਦੀਆਂ ਕਿਸਮਾਂ

ਸ਼ਬਦ ਅਲੰਕਾਰ ਉਹ ਹਨ ਜਿਸ ਲਈ ਕਿਸੇ ਰਚਨਾ ਵਿੱਚ ਸ਼ਬਦਾਂ ਦੇ ਚਮਤਕਾਰ ਦਾ ਮਹੱਤਵ ਦਰਸਾਇਆ ਹੋਵੇ । ਉਸ ਨੂੰ ਸ਼ਬਦ ਅਲੰਕਾਰ ਕਿਹਾ ਜਾਂਦਾ ਹੈ ।ਇਸ ਦੇ ਮੁੱਖ ਵਰਗ ਹਨ -

ਅਨੁਪ੍ਰਾਸ , ਯਮਕ , ਸਲੇਸ਼ , ਵਕ੍ਰੋਕਤੀ , ਵੀਪਸਾ ,ਧੁਨੀ ਚਿੱਤਰ ਆਦਿ ।

# ਅਰਥ ਅਲੰਕਾਰ

ਉਹ ਅਲੰਕਾਰ ਜਿੱਥੇ ਕਾਵਿ ਦੇ ਅਰਥਾਂ ਵਿੱਚ ਚਮਤਕਾਰ ਹਵੇ। ਉਹ ਅਰਥ ਅਲੰਕਾਰ ਕਹਾਉਂਦਾ ਹੈ। ਇਸ ਦੀਆਂ ਕਿਸਮਾਂ

ਸਾਦ੍ਰਿਸ਼ਮੂਲਕ , ਵਿਰੋਧਾਮੂਲਕ ,ਗੁਣਮੂਲਕ ਆਦਿ।

# ਸ਼ਬਦਾਰਥ ਅਲੰਕਾਰ

ਉਹ ਅਲੰਕਾਰ ਜੋ ਕਵੀ ਦੇ ਕਥਨ ਵਿੱਚ ਸ਼ਬਦ ਅਤੇ ਅਰਥ ਦੋਵੇਂ ਘੁਲੇ ਮਿਲੇ ਹੋਏ ਹੋਣ। ਇਸ ਵਿੱਚ ਉਪਮਾ , ਰੂਪਕ , ਅਤਿਕਥਨੀ ਅਤੇ ਦ੍ਰਿਸ਼ਟਾਂਤ ਅਲੰਕਾਰ ਸ਼ਾਮਿਲ ਹਨ।

# ਸਿੱਟਾ

ਅਲੰਕਾਰ ਨੂੰ ਭਾਵੇਂ ਕਵਿਤਾ ਵਿੱਚ ਗਹਿਣੇ ਦੇ ਰੂਪ ਵਿੱਚ ਸਵੀਕਾਰਿਆ ਜਾਂਦਾ ਹੈ ਜੋ ਕਵਿਤਾ ਦੀ ਸ਼ੋਭਾ ਵਧਾਉਣ ਵਾਲੇ ਤੱਤ ਵਜੋਂ ਕੰਮ ਕਰਦਾ ਹੈ। ਪਰ ਕਈ ਵਿਦਵਾਨਾਂ ਇਸ ਨੂੰ ਗੈਰ ਜ਼ਰੂਰੀ ਵੀ ਮੰਨਦੇ ਹਨ ਇਸ ਲਈ ਇਸ ਦੀ ਹੋਂਦ ਪ੍ਰਤੀ ਦਵੰਦ ਹੈ।

# ਧੰਨਵਾਦ

ਮਾਂ- ਬੋਲੀ ਨੂੰ ਪਿਆਰ ਕਰਨ ਵਾਲੇ  ਸਭ ਸਰੋਤਿਆਂ ਦਾ